Children 1st

Safeguarders Panel Team

ਸੇਫਗਾਰਡਜ਼ ਪੈਨਲ ਟੀਮ

# ਸੁਰੱਖਿਆਕਰਤਾ

## ਬੱਚਿਆਂ, ਜਵਾਨ ਲੋਕਾਂ ਅਤੇ ਪਰਿਵਾਰਾਂ ਵਾਸਤੇ ਜਾਣਕਾਰੀ



# ਮੇਰਾ ਨਾਮ ਹੈ

# ਮੈਂ ਇਸ ਲਈ ਸੁਰੱਖਿਆਕਰਤਾ ਹਾਂ

ਜੇ ਤੁਹਾਨੂੰ ਲੋੜ ਪੈਂਦੀ ਹੈ ਤਾਂ ਤੁਸੀਂ ਮੇਰੇ ਨਾਲ ਨਿਮਨਲਿਖਿਤ ਤਰੀਕੇ ਨਾਲ ਸੰਪਰਕ ਕਰ ਸਕਦੇ ਹੋ:

**ਫੋਨ / ਟੈਕਸਟ ਕਰਕੇ**

**ਈ-ਮੇਲ ਕਰਕੇ**

ਕਿਸੇ ਸੁਰੱਖਿਆਕਰਤਾ ਬਾਰੇ ਤੁਹਾਡੇ ਕੋਲ ਬਹੁਤ ਸਾਰੀਆਂ ਚਿੰਤਾਵਾਂ ਅਤੇ ਸਵਾਲ ਹੋ ਸਕਦੇ ਹਨ। ਇਹ ਕਿਤਾਬਚਾ ਬੱਚਿਆਂ, ਨੌਜਵਾਨ ਲੋਕਾਂ, ਅਤੇ ਉਹਨਾਂ ਦੇ ਪਰਿਵਾਰਾਂ ਨੂੰ ਇਹ ਸਮਝਣ ਵਿੱਚ ਮਦਦ ਕਰਨ ਲਈ ਹੈ ਕਿ ਇੱਕ ਸੁਰੱਖਿਆਕਰਤਾ (ਸੇਫਗਾਰਡਰ) ਕੀ ਹੈ ਅਤੇ ਉਹ ਕੀ ਕਰਦੇ ਹਨ। ਅਸੀਂ ਉਮੀਦ ਕਰਦੇ ਹਾਂ ਕਿ ਤੁਹਾਨੂੰ ਇਹ ਜਾਣਕਾਰੀ ਮਦਦਗਾਰੀ ਲੱਗੇਗੀ।

ਸੁਰੱਖਿਆਕਰਤਾ ਚਾਹੁੰਦੇ ਹਨ ਕਿ ਤੁਸੀਂ ਮਹਿਸੂਸ ਕਰੋ...

**ਸੁਰੱਖਿਅਤ ਅਤੇ ਆਰਾਮਦਾਇਕ**

**ਤੁਹਾਡੀ ਗੱਲ ਸੁਣੀ ਜਾ ਰਹੀ ਹੈ**

**ਸਤਿਕਾਰਤ**

ਸਵਾਲ ਪੁੱਛਣ ਲਈ **ਆਤਮ-ਵਿਸ਼ਵਾਸੀ**

ਸੁਰੱਖਿਆਕਰਤਾਵਾਂ ਅਤੇ ਉਨ੍ਹਾਂ ਦੀ ਭੂਮਿਕਾ **ਬਾਰੇ ਸੂਚਿਤ**

# ਇੱਕ ਸੁਰੱਖਿਆਕਰਤਾ (ਸੇਫਗਾਰਡਰ) ਕੀ ਹੁੰਦਾ ਹੈ?

ਜਦੋਂ ਕੋਈ ਬੱਚਾ ਜਾਂ ਨੌਜਵਾਨ ਵਿਅਕਤੀ ਆਪਣੇ ਜੀਵਨ ਵਿੱਚ ਮੁਸ਼ਕਿਲ ਚੀਜ਼ਾਂ ਦਾ ਤਜ਼ਰਬਾ ਕਰ ਰਿਹਾ ਹੁੰਦਾ ਹੈ, ਤਾਂ ਹੋ ਸਕਦਾ ਹੈ ਉਹ ਕਿਸੇ ਬੱਚਿਆਂ ਦੀ ਸੁਣਵਾਈ ਜਾਂ ਅਦਾਲਤੀ ਕੇਸ ਵਿੱਚ ਸ਼ਾਮਲ ਹੋਣ। ਕਦੀ-ਕਦਾਈ ਇੱਕ ਸੁਰੱਖਿਆਕਰਤਾ ਨੂੰ ਕਿਸੇ ਸ਼ੈਰਿਫ ਜਾਂ ਬੱਚਿਆਂ ਦੀ ਸੁਣਵਾਈ ਪੈਨਲ ਨੂੰ ਇਹ ਫੈਸਲਾ ਕਰਨ ਵਿੱਚ ਮਦਦ ਕਰਨ ਲਈ ਕਿਹਾ ਜਾਵੇਗਾ ਕਿ ਬੱਚੇ ਜਾਂ ਨੌਜਵਾਨ ਵਿਅਕਤੀ ਲਈ ਅੱਗੇ ਕੀ ਹੋਣਾ ਚਾਹੀਦਾ ਹੈ।



ਇੱਕ ਸੁਰੱਖਿਆਕਰਤਾ ਇਹ ਯਕੀਨੀ ਬਣਾਉਣ ਵਿੱਚ ਮਦਦ ਕਰਨ ਲਈ ਕਿ ਸੁਣਵਾਈ ਜਾਂ ਅਦਾਲਤ ਵਿੱਚ ਕੀਤੇ ਗਏ ਕੋਈ ਵੀ ਫੈਸਲੇ ਬੱਚੇ ਜਾਂ ਨੌਜਵਾਨ ਵਿਅਕਤੀ ਦੇ ਹਿੱਤਾਂ ਵਿੱਚ ਹਨ, ਇਸ ਬਾਰੇ ਜਾਣਨਾ ਚਾਹੁੰਦਾ ਹੈ ਕਿ ਬੱਚੇ ਜਾਂ ਨੌਜਵਾਨ ਵਿਅਕਤੀ ਦੇ ਜੀਵਨ ਵਿੱਚ ਕੀ ਹੋ ਰਿਹਾ ਹੈ।



ਸੁਰੱਖਿਆਕਰਤਾ ਸੁਤੰਤਰ ਹੁੰਦੇ ਹਨ। ਇਸਦਾ ਮਤਲਬ ਇਹ ਹੈ ਕਿ ਉਹ ਬੱਚੇ ਜਾਂ ਨੌਜਵਾਨ ਵਿਅਕਤੀ ਨਾਲ ਕੰਮ ਕਰ ਰਹੇ ਹੋਰ ਲੋਕਾਂ ਨਾਲ ਜੁੜੇ ਹੋਏ ਨਹੀਂ ਹਨ, ਜਿਵੇਂ ਕਿ ਪੈਨਲ ਦੇ ਮੈਂਬਰ, ਸੋਸ਼ਲ ਵਰਕਰ, ਜਾਂ ਵਕੀਲ। ਉਹ ਇਸ ਬਾਰੇ ਆਪਣੇ ਵਿਚਾਰ ਦੇਣ ਲਈ ਸੁਤੰਤਰ ਹਨ ਕਿ ਬੱਚੇ ਜਾਂ ਨੌਜਵਾਨ ਵਿਅਕਤੀ ਦੇ ਸਭ ਤੋਂ ਵਧੀਆ ਹਿੱਤ ਵਿੱਚ ਕੀ ਹੈ।



# ‘ਸਰਵੋਤਮ ਹਿੱਤਾਂ’ ਦਾ ਕੀ ਮਤਲਬ ਹੈ?

ਬੱਚਿਆਂ ਅਤੇ ਜਵਾਨ ਲੋਕਾਂ ਦੇ ਮਨੁੱਖੀ ਅਧਿਕਾਰ ਹਨ। ਇਹ ਅਧਿਕਾਰ ਉਹ ਸਾਰੀਆਂ ਚੀਜ਼ਾਂ ਹਨ ਜਿੰਨ੍ਹਾਂ ਦੀ ਉਹਨਾਂ ਨੂੰ ਇੱਕ ਸੁਰੱਖਿਅਤ, ਸਿਹਤਮੰਦ ਅਤੇ ਖੁਸ਼ਹਾਲ ਜਿੰਦਗੀ ਜਿਉਣ ਵਾਸਤੇ ਲੋੜ ਹੁੰਦੀ ਹੈ। ਇਹਨਾਂ ਨੂੰ ਇੱਕ ਦਸਤਾਵੇਜ਼ ਵਿੱਚ ਸੂਚੀਬੱਧ ਕੀਤਾ ਗਿਆ ਹੈ ਜਿਸਨੂੰ ਬੱਚੇ ਦੇ ਅਧਿਕਾਰਾਂ ਦੀ ਸੰਯੁਕਤ ਰਾਸ਼ਟਰ ਕਨਵੈਨਸ਼ਨ (ਯੂ.ਐਨ.ਸੀ.ਆਰ.ਸੀ.) ਕਹਿੰਦੇ ਹਨ। ਸੁਰੱਖਿਆਕਰਤਾਵਾਂ ਲਈ ਬੱਚਿਆਂ ਦੇ ਮਨੁੱਖੀ ਅਧਿਕਾਰਾਂ ਦਾ ਆਦਰ ਅਤੇ ਰੱਖਿਆ ਕਰਨੀ ਲਾਜ਼ਮੀ ਹੈ ਕਿਉਂਕਿ ਉਹ ਇਸ ਬਾਰੇ ਸੋਚਦੇ ਹਨ ਕਿ ਬੱਚੇ ਜਾਂ ਨੌਜਵਾਨ ਵਿਅਕਤੀ ਲਈ ਸਭ ਤੋਂ ਵਧੀਆ ਕੀ ਹੈ।

‘ਸਰਵੋਤਮ ਹਿੱਤਾਂ’ ਦਾ ਮਤਲਬ ਹੈ ਕਿ ਬੱਚੇ ਅਤੇ ਨੌਜਵਾਨ ਲੋਕ ਉਹਨਾਂ ਸਾਰੇ ਅਧਿਕਾਰਾਂ ਦਾ ਅਨੰਦ ਮਾਣਨ ਜੋ ਯੂ.ਐਨ.ਸੀ.ਆਰ.ਸੀ. (UNCRC) ਵਿੱਚ ਹਨ, ਅਤੇ ਇਹ ਕਿ ਬਾਲਗ ਉਹਨਾਂ ਦੀ ਤੰਦਰੁਸਤੀ ਨਾਲ ਵਾਧੇ ਅਤੇ ਵਿਕਾਸ ਬਾਰੇ ਸੋਚਣ ਜਦੋਂ ਉਹ ਅਜਿਹੇ ਫੈਸਲੇ ਲੈ ਰਹੇ ਹੁੰਦੇ ਹਨ ਜੋ ਬੱਚਿਆਂ ਅਤੇ ਜਵਾਨ ਲੋਕਾਂ ਦੀਆਂ ਜ਼ਿੰਦਗੀਆਂ ਨੂੰ ਪ੍ਰਭਾਵਿਤ ਕਰਨਗੇ।



ਸੁਰੱਖਿਆਕਰਤਾ ਹਮੇਸ਼ਾਂ ਉਹੀ ਕਰਨਗੇ ਜੋ ਉਹਨਾਂ ਦੇ ਵਿਚਾਰ ਵਿੱਚ ਕਿਸੇ ਬੱਚੇ ਜਾਂ ਨੌਜਵਾਨ ਵਿਅਕਤੀ ਲਈ ਸਰਵੋਤਮ ਹੈ। ਉਹ ਇਹ ਯਕੀਨੀ ਬਣਾਉਣ ਲਈ ਮੌਜੂਦ ਹਨ ਕਿ ਬੱਚਿਆਂ ਦੀ ਸੁਣਵਾਈ ਜਾਂ ਅਦਾਲਤ ਬੱਚੇ ਜਾਂ ਨੌਜਵਾਨ ਵਿਅਕਤੀ ਵਾਸਤੇ ਸਭ ਤੋਂ ਵਧੀਆ ਫੈਸਲਾ ਕਰ ਸਕੇ।

ਹੋ ਸਕਦਾ ਹੈ ਕਿ ਬੱਚਾ, ਨੌਜਵਾਨ ਵਿਅਕਤੀ ਅਤੇ ਉਨ੍ਹਾਂ ਦੇ ਪਰਿਵਾਰ ਸੁਰੱਖਿਆਕਰਤਾ (ਸੇਫਗਾਰਡਰ) ਦੀਆਂ ਸਿਫ਼ਾਰਸ਼ਾਂ ਨਾਲ ਸਹਿਮਤ ਹੋਣ ਜਾਂ ਨਾ ਹੋਣ। ਸੁਰੱਖਿਆਕਰਤਾ ਹਮੇਸ਼ਾਂ ਸਮਝਾਉਣਗੇ ਕਿ ਉਨ੍ਹਾਂ ਨੇ ਆਪਣੀਆਂ ਸਿਫਾਰਸ਼ਾਂ ਕਿਉਂ ਕੀਤੀਆਂ ਹਨ।

ਬੱਚਿਆਂ ਦੇ ਮਨੁੱਖੀ ਅਧਿਕਾਰਾਂ ਅਤੇ ਯੂ.ਐਨ.ਸੀ.ਆਰ.ਸੀ. (UNCRC) ਬਾਰੇ ਵਧੇਰੇ ਜਾਣਕਾਰੀ ਇੱਥੇ ਲੱਭੀ ਜਾ ਸਕਦੀ ਹੈ:
**www.cypcs.org.uk/rights**



# ਇੱਕ ਸੁਰੱਖਿਆਕਰਤਾ ਕੀ ਕਰੇਗਾ?

ਇੱਕ ਸੁਰੱਖਿਆਕਰਤਾ ਬੱਚੇ ਜਾਂ ਨੌਜਵਾਨ ਵਿਅਕਤੀ ਨੂੰ ਉਨ੍ਹਾਂ ਬਾਰੇ ਜਾਣਨ, ਉਹ ਕੀ ਚਾਹੁੰਦੇ ਹਨ ਬਾਰੇ ਪਤਾ ਕਰਨ ਲਈ, ਅਤੇ ਉਨ੍ਹਾਂ ਦੇ ਕਿਸੇ ਵੀ ਸਵਾਲਾਂ ਦੇ ਉੱਤਰ ਦੇਣ ਲਈ ਉਨ੍ਹਾਂ ਨੂੰ ਮਿਲੇਗਾ।



ਇੱਕ ਸੁਰੱਖਿਆਕਰਤਾ ਬੱਚੇ ਜਾਂ ਨੌਜਵਾਨ ਵਿਅਕਤੀ ਦੇ ਜੀਵਨ ਵਿਚਲੇ ਬਾਲਗਾਂ (ਜਿਵੇਂ ਕਿ ਮਾਪਿਆਂ, ਸੰਭਾਲਕਰਤਾਵਾਂ, ਅਧਿਆਪਕਾਂ, ਸੋਸ਼ਲ ਵਰਕਰਾਂ, ਜਾਂ ਹੋਰ ਲੋਕਾਂ) ਨਾਲ ਇਹ ਪਤਾ ਕਰਨ ਲਈ ਗੱਲ ਕਰੇਗਾ ਕਿ ਉਹਨਾਂ ਦੀ ਸੋਚ ਵਿੱਚ ਬੱਚੇ ਜਾਂ ਨੌਜਵਾਨ ਵਿਅਕਤੀ ਲਈ ਸਭ ਤੋਂ ਵਧੀਆ ਕੀ ਹੋਵੇਗਾ।



ਇੱਕ ਸੁਰੱਖਿਆਕਰਤਾ ਬੱਚੇ ਜਾਂ ਨੌਜਵਾਨ ਵਿਅਕਤੀ ਅਤੇ ਉਨ੍ਹਾਂ ਦੀ ਸਥਿਤੀ ਬਾਰੇ ਬੱਚਿਆਂ ਦੀ ਸੁਣਵਾਈ ਤੋਂ ਪ੍ਰਾਪਤ ਜਾਣਕਾਰੀ ਨੂੰ ਪੜ੍ਹੇਗਾ।



ਇੱਕ ਸੁਰੱਖਿਆਕਰਤਾ ਬੱਚਿਆਂ ਦੀਆਂ ਸੁਣਵਾਈਆਂ ਦੀ ਪੈਨਲ ਨੂੰ ਇਹ ਫੈਸਲਾ ਕਰਨ ਵਿੱਚ ਮਦਦ ਕਰਨ ਲਈ ਸਿਫਾਰਸ਼ਾਂ ਕਰੇਗਾ ਕਿ ਬੱਚੇ ਜਾਂ ਨੌਜਵਾਨ ਵਿਅਕਤੀ ਲਈ ਸਭ ਤੋਂ ਵਧੀਆ ਕੀ ਹੈ। ਇਸ ਨੂੰ ਇੱਕ ਰਿਪੋਰਟ ਵਜੋਂ ਲਿਖਿਆ ਜਾਵੇਗਾ, ਅਤੇ ਇੱਕ ਸੁਰੱਖਿਆਕਰਤਾ ਨੂੰ ਬੱਚੇ ਜਾਂ ਨੌਜਵਾਨ ਵਿਅਕਤੀ ਅਤੇ ਹੋਰਾਂ ਨਾਲ ਆਪਣੀਆਂ ਸਿਫ਼ਾਰਸ਼ਾਂ **ਸਾਂਝੀਆਂ ਕਰਨੀਆਂ ਅਤੇ ਸਮਝਾਉਣੀਆਂ** ਚਾਹੀਦੀਆਂ ਹਨ।

ਬੱਚਾ ਜਾਂ ਨੌਜਵਾਨ ਵਿਅਕਤੀ ਇਸ ਰਿਪੋਰਟ ਨੂੰ ਉਸ ਜਾਣਕਾਰੀ ਦੇ ਭਾਗ ਵਜੋਂ ਦੇਖ ਸਕਦਾ ਹੈ ਜਿਸਨੂੰ ਬੱਚਿਆਂ ਦੀ ਸੁਣਵਾਈ (ਚਿਲਡਰਨਜ਼ ਹੀਅਰਿੰਗ) ਦੇ ਨਾਲ ਸਾਂਝਾ ਕੀਤਾ ਜਾਂਦਾ ਹੈ।



ਇੱਕ ਸੁਰੱਖਿਆਕਰਤਾ ਬੱਚੇ ਜਾਂ ਨੌਜਵਾਨ ਵਿਅਕਤੀ ਦੇ ਵਿਚਾਰਾਂ ਨੂੰ ਸਾਂਝਾ ਕਰਨ ਲਈ ਅਤੇ ਅੱਗੇ ਕੀ ਹੋਣਾ ਚਾਹੀਦਾ ਹੈ ਬਾਰੇ ਆਪਣੀਆਂ ਸਿਫ਼ਾਰਸ਼ਾਂ ਦੀ ਵਿਆਖਿਆ ਕਰਨ ਲਈ ਸੁਣਵਾਈ ਜਾਂ ਅਦਾਲਤ ਵਿੱਚ ਹਾਜ਼ਰ ਹੋਵੇਗਾ।



ਇੱਕ ਵਾਰ ਜਦੋਂ ਕੋਈ ਫੈਸਲਾ ਹੋ ਜਾਂਦਾ ਹੈ, ਫਿਰ ਇਸ ਤੋਂ ਬਾਅਦ ਇੱਕ ਸੁਰੱਖਿਆਕਰਤਾ ਸ਼ਾਮਲ ਨਹੀਂ ਰਹੇਗਾ ਅਤੇ ਉਹ ਬੱਚੇ ਜਾਂ ਨੌਜਵਾਨ ਵਿਅਕਤੀ ਨੂੰ ਅਲਵਿਦਾ ਕਹੇਗਾ।



ਭਵਿੱਖ ਵਿੱਚ ਕਿਸੇ ਸੁਰੱਖਿਆਕਰਤਾ ਦੀ ਰਿਪੋਰਟ ਤੱਕ ਪਹੁੰਚ ਕਰਨ ਬਾਰੇ ਹੋਰ ਜਾਣਕਾਰੀ ਲਈ, ਕਿਰਪਾ ਕਰਕੇ ਦੇਖੋ: **www.scra.gov.uk**

# ਗੋਪਨੀਯਤਾ ਅਤੇ ਗੁਪਤਤਾ

ਬੱਚਿਆਂ ਅਤੇ ਨੌਜਵਾਨ ਲੋਕਾਂ ਨੂੰ ਗੋਪਨੀਯਤਾ ਦਾ ਅਧਿਕਾਰ ਹੈ, ਅਤੇ ਇਹ ਮਹੱਤਵਪੂਰਨ ਹੈ ਕਿ ਬੱਚਿਆਂ ਦੀ ਸੁਣਵਾਈ ਦੀ ਪ੍ਰਣਾਲੀ (ਚਿਲਡਰਨਜ਼ ਹੀਅਰਿੰਗਜ਼ ਸਿਸਟਮ) ਅਤੇ ਸੁਰੱਖਿਆਕਰਤਾ (ਸੇਫਗਾਰਡਰਜ) ਦੁਆਰਾ ਇਸਦਾ ਆਦਰ ਕੀਤਾ ਜਾਵੇ।

ਸੁਰੱਖਿਆਕਰਤਾ ਕਿਸੇ ਬੱਚੇ ਜਾਂ ਨੌਜਵਾਨ ਵਿਅਕਤੀ ਨੂੰ ਉਨ੍ਹਾਂ ਦੇ ਜੀਵਨ ਬਾਰੇ ਪਤਾ ਕਰਨ ਲਈ ਮਿਲਣਾ ਅਤੇ ਉਸ ਨਾਲ ਗੱਲ ਕਰਨਾ ਚਾਹੁੰਦੇ ਹਨ, ਪਰ ਬੱਚਾ ਜਾਂ ਨੌਜਵਾਨ ਵਿਅਕਤੀ ਇਹ ਫੈਸਲਾ ਕਰ ਸਕਦੇ ਹਨ ਕਿ ਉਹ ਸੁਰੱਖਿਆਕਰਤਾ ਨਾਲ ਗੱਲ ਨਹੀਂ ਕਰਨਾ ਚਾਹੁੰਦੇ। ਉਹਨਾਂ ਕੋਲ ਕਿਸੇ ਸੁਰੱਖਿਆਕਰਤਾ ਨਾਲ ਗੱਲ ਕਰਨ ਜਾਂ ਨਾ ਕਰਨ ਦੀ ਚੋਣ ਹੁੰਦੀ ਹੈ, ਅਤੇ ਉਹ ਆਪਣਾ ਮਨ ਬਦਲ ਸਕਦੇ ਹਨ।

ਸੁਰੱਖਿਆਕਰਤਾ ਸਾਰੀ ਨਿੱਜੀ ਜਾਣਕਾਰੀ ਨੂੰ ਗੁਪਤ ਰੱਖਣਗੇ, ਜਿਸਦਾ ਮਤਲਬ ਇਹ ਹੈ ਕਿ ਉਹ ਇਸਨੂੰ ਪ੍ਰਾਈਵੇਟ ਰੱਖਣਗੇ ਅਤੇ ਇਸਨੂੰ ਕੇਵਲ ਓਦੋਂ ਹੀ ਉਹਨਾਂ ਲੋਕਾਂ ਨਾਲ ਸਾਂਝਾ ਕਰਨਗੇ, ਜਦੋਂ ਜ਼ਰੂਰੀ ਹੋਵੇ, ਜਿੰਨ੍ਹਾਂ ਕੋਲ ਇਸਨੂੰ ਦੇਖਣ ਦੀ ਆਗਿਆ ਹੈ।

ਸੁਰੱਖਿਆਕਰਤਾ ਇਹ ਸੁਨਿਸ਼ਚਿਤ ਕਰਨਗੇ ਕਿ ਉਹ ਸਾਰੇ ਇਲੈਕਟ੍ਰਾਨਿਕ ਅਤੇ ਕਾਗਜ਼ੀ ਦਸਤਾਵੇਜ਼ਾਂ ਨੂੰ ਸੁਰੱਖਿਅਤ ਅਤੇ ਸੰਭਾਲ ਕੇ ਰੱਖਦੇ ਹਨ। ਉਹਨਾਂ ਵਾਸਤੇ ਜਨਰਲ ਡੈਟਾ ਪ੍ਰੋਟੈਕਸ਼ਨ ਰੈਗੂਲੇਸ਼ਨਜ਼ 2016 ਵਿੱਚ ਦੱਸੇ ਨਿਯਮਾਂ ਦੀ ਪਾਲਣਾ ਕਰਨਾ ਲਾਜ਼ਮੀ ਹੈ।

ਇੱਕ ਵਾਰ ਜਦੋਂ ਬੱਚਿਆਂ ਦੀ ਸੁਣਵਾਈ ਜਾਂ ਅਦਾਲਤ ਦੁਆਰਾ ਕੋਈ ਫੈਸਲਾ ਕਰ ਲਿਆ ਜਾਂਦਾ ਹੈ, ਤਾਂ ਇੱਕ ਸੁਰੱਖਿਆਕਰਤਾ ਨੂੰ ਲਾਜ਼ਮੀ ਤੌਰ ‘ਤੇ ਕਿਸੇ ਬੱਚੇ ਜਾਂ ਨੌਜਵਾਨ ਵਿਅਕਤੀ ਬਾਰੇ ਉਹਨਾਂ ਕੋਲ ਰੱਖੀ ਕਿਸੇ ਵੀ ਜਾਣਕਾਰੀ ਦਾ ਨਿਪਟਾਰਾ ਕਰਨਾ ਚਾਹੀਦਾ ਹੈ।

ਜੇ ਕੋਈ ਸੁਰੱਖਿਆਕਰਤਾ ਕਿਸੇ ਬੱਚੇ ਜਾਂ ਬਾਲਗ ਦੇ ਸੁਰੱਖਿਅਤ ਨਾ ਹੋਣ ਜਾਂ ਕਿਸੇ ਅਪਰਾਧ ਬਾਰੇ ਜਾਣਕਾਰੀ ਪ੍ਰਾਪਤ ਕਰਦਾ ਹੈ, ਤਾਂ ਇਸ ਦੀ ਰਿਪੋਰਟ ਕਰਨਾ ਉਨ੍ਹਾਂ ਦਾ ਫਰਜ਼ ਹੈ।

# ਸੁਰੱਖਿਆਕਰਤਾਵਾਂ ਬਾਰੇ ਪ੍ਰਤੀਕਰਮ (ਫੀਡਬੈਕ)

**ਅਸੀਂ ਤੁਹਾਡੇ ਤੋਂ ਸੁਣਨਾ ਚਾਹੁੰਦੇ ਹਾਂ!**

ਤੁਹਾਡੇ ਵਿਚਾਰ ਅਤੇ ਰਾਏ ਸਾਨੂੰ ਇਹ ਯਕੀਨੀ ਬਣਾਉਣ ਵਿੱਚ ਮਦਦ ਕਰਦੇ ਹਨ ਕਿ ਸੁਰੱਖਿਆਕਰਤਾ ਬੱਚਿਆਂ ਅਤੇ ਨੌਜਵਾਨਾਂ ਦੇ ਸਰਵੋਤਮ ਹਿੱਤਾਂ ਦੀ ਰੱਖਿਆ ਲਈ ਆਪਣੀ ਪੂਰੀ ਕੋਸ਼ਿਸ਼ ਕਰ ਰਹੇ ਹਨ।

ਜੇ ਤੁਸੀਂ ਸੁਰੱਖਿਆਕਰਤਾਵਾਂ ਦੀ ਪੈਨਲ ਟੀਮ ਨੂੰ ਕਿਸੇ ਸੁਰੱਖਿਆਕਰਤਾ ਨਾਲ ਆਪਣੇ ਅਨੁਭਵ ਬਾਰੇ ਕੁਝ ਦੱਸਣਾ ਚਾਹੁੰਦੇ ਹੋ, ਤਾਂ ਕਿਰਪਾ ਕਰਕੇ QR ਕੋਡ ਨੂੰ ਸਕੈਨ ਕਰੋ ਜਾਂ ਇੱਥੇ ਜਾਓ:

**www.children1st.org.uk/sg-feedback**

ਜੇਕਰ ਤੁਹਾਨੂੰ ਆਪਣੇ ਸੁਰੱਖਿਆਕਰਤਾ ਦੇ ਕੰਮ, ਕਾਰਵਾਈਆਂ ਜਾਂ ਵਿਵਹਾਰ ਬਾਰੇ ਕੋਈ ਚਿੰਤਾ, ਫਿਕਰ ਜਾਂ ਸ਼ਿਕਾਇਤ ਹੈ, ਤਾਂ ਕਿਰਪਾ ਕਰਕੇ ਚਿਲਡਰਨ 1 ਸੇਫਗਾਰਡਰਜ਼ ਪੈਨਲ ਟੀਮ ਨਾਲ ਸੰਪਰਕ ਕਰੋ। ਵਧੇਰੇ ਜਾਣਕਾਰੀ ਇੱਥੇ ਹੈ:

**www.children1st.org.uk/sg-complaints**

Children 1st

**Safeguarders Panel Team**

**ਸੇਫਗਾਰਡਜ਼ ਪੈਨਲ ਟੀਮ**

ਸੁਰੱਖਿਆਕਰਤਾਵਾਂ ਬਾਰੇ ਵਧੇਰੇ ਜਾਣਕਾਰੀ ਲੈਣ ਲਈ ਜਾਂ ਫੀਡਬੈਕ ਪ੍ਰਦਾਨ ਕਰਨ ਲਈ ਸਾਡੀ ਵੈੱਬਸਾਈਟ 'ਤੇ ਜਾਓ:

**www.children1st.org.uk/safeguarders**


**ਸੇਫਗਾਰਡਰਜ਼ ਪੈਨਲ ਟੀਮ**

ਟੈਲੀਫ਼ੋਨ ਨੰਬਰ: 0345 604 4296

ਈਮੇਲ: safeguarderspanel@children1st.org.uk


The Scottish Government

**ਸੁਰੱਖਿਆਕਰਤਾਵਾਂ ਨੂੰ ਸਕਾਟਿਸ਼ ਸਰਕਾਰ ਦੇ ਮੰਤਰੀਆਂ ਦੁਆਰਾ ਨਿਯੁਕਤ ਕੀਤਾ ਜਾਂਦਾ ਹੈ ਅਤੇ ਇਹਨਾਂ ਨੂੰ ਸੇਫਗਾਰਡਰਜ਼ ਪੈਨਲ ਟੀਮ ਦੁਆਰਾ ਸਮਰਥਨ ਦਿੱਤਾ ਜਾਂਦਾ ਹੈ। ਸੇਫਗਾਰਡਰਜ਼ ਪੈਨਲ ਟੀਮ (ਐਸ.ਪੀ.ਟੀ.) ਚਿਲਡਰਨ 1ਸਟ 'ਤੇ ਸਥਿਤ ਹੈ ਅਤੇ ਸੇਫਗਾਰਡਰਾਂ ਦੇ ਰਾਸ਼ਟਰੀ ਨੈੱਟਵਰਕ ਦਾ ਪ੍ਰਬੰਧਨ ਕਰਦੀ ਹੈ।**


ਚਿਲਡਰਨ 1ਸਟ ਰਜਿਸਟਰਡ ਆਫਿਸ, 83 Whitehouse Loan Edinburgh EH9 1AT

ਪੰਜੀਕਿਰਤ ਸਕਾਟਿਸ਼ ਚੈਰਿਟੀ ਨੰਬਰ SC016092